# BC Hands & Voices

# ਇਕ ਵੱਡਾ ਕਦਮ

## ਐਨੀਆ ਰੋਸਿੰਕ

# The Big Move

ਗਿਣਤੀ ਸ਼ੁਰੂ ਹੋ ਚੁੱਕੀ ਹੈ – ਮੇਰੇ ਪੁੱਤਰ ਨੇ ਕੁਝ ਮਹੀਨਿਆਂ ਵਿੱਚ 5 ਸਾਲਾਂ ਦਾ ਹੋ ਜਾਣਾ ਹੈ ਅਤੇ ਉਸ ਨੇ ਸਤੰਬਰ ਵਿੱਚ ਕਿੰਡਰਗਾਰਟਨ ਵਿੱਚ ਜਾਣਾ ਹੈ। ਨਿਯਮਾਂ ਅਨੁਸਾਰ ਅਗੇਤੀ ਦਖਲਅੰਦਾਜ਼ੀ ਇਸ ਪੜਾਅ ’ਤੇ ਖਤਮ ਹੋ ਜਾਂਦੀ ਹੈ ਅਤੇ ਮੈਂ ਹੁਣ ਤੋਂ ਹੀ ਉਸ ਵਿਲੱਖਣ ਤਬਦੀਲੀ ਲਈ ਤਿਆਰ ਹੋ ਰਹੀ ਹਾਂ, ਜਿਹੜੀ ਤਬਦੀਲੀ ਉਸ ਵਲੋਂ ਇਕ ਸਕੂਲ ਜਾਣ ਦੀ ਉਮਰ ਦਾ ਬੱਚਾ ਹੋ ਜਾਣ ’ਤੇ ਆਪਣੀ ਜ਼ਿੰਦਗੀ ਦੇ ਅਗਲੇ ਪੜਾਅ ਵਿੱਚ ਦਾਖਲ ਹੋਣ ਸਮੇਂ ਵਾਪਰੇਗੀ।



ਮੈਂ ਇਸ ਬਾਰੇ ਆਪਣੇ ਅੰਦਰ ਪੈਦਾ ਹੋ ਰਹੀਆਂ ਚਾਅ ਅਤੇ ਡਰ ਦੀਆਂ ਭਾਵਨਾਵਾਂ ਨੂੰ ਰੋਕ ਨਹੀਂ ਸਕਦੀ – ਇਹ ਗੱਲ ਚੰਗੀ ਤਰ੍ਹਾਂ ਜਾਣਦਿਆਂ ਹੋਇਆਂ ਵੀ ਕਿ ਅਸੀਂ ਕਿੰਨੇ ਖ਼ੁਸ਼ਕਿਸਮਤ ਹਾਂ ਕਿ ਸਾਨੂੰ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਆਪਣੇ ਪੁੱਤਰ ਦੀਆਂ ਲੋੜਾਂ ਲਈ ਵਿਆਪਕ ਪੱਧਰ ’ਤੇ ਦਿੱਤੀਆਂ ਜਾਂਦੀਆਂ ਸੇਵਾਵਾਂ ਅਤੇ ਇਕ ਪਰਿਵਾਰ ਨੂੰ ਨਿੱਜੀ ਪੱਧਰ ’ਤੇ ਮਿਲਣ ਵਾਲੀਆਂ ਬਹੁਤ ਹੀ ਸ਼ਾਨਦਾਰ ਸੇਵਾਵਾਂ ਪ੍ਰਾਪਤ ਹੋਈਆਂ ਹਨ। ਤੁਹਾਡੇ ਵਾਂਗ ਹੀ ਅਸੀਂ ਵੀ ਆਪਣੀ ਅਰਲੀ ਇੰਟਰਵੈਨਸ਼ਨ ਏਜੰਸੀ ਵਿਖੇ ਆਉਣ ਵਾਲੇ ਦੂਜੇ ਪਰਿਵਾਰਾਂ ਨਾਲ ਬਹੁਤ ਨੇੜਤਾ ਭਰਪੂਰ ਦੋਸਤੀ ਕਾਇਮ ਕਰ ਲਈ ਹੈ – ਉਹਨਾਂ ਲੋਕਾਂ ਨਾਲ ਜੋ ਸਾਨੂੰ ਇਸ ਕਰਕੇ ਜਾਣਦੇ ਹਨ, ਕਿਉਂਕਿ ਉਹ ਵੀ ਸਾਡੇ ਵਾਲੀ ਸਥਿਤੀ ਵਿੱਚੋਂ ਦੀ ਗੁਜ਼ਰ ਰਹੇ ਹਨ। ਸਤੰਬਰ ਵਿਚ ਇਹਨਾਂ ਵਿੱਚੋਂ ਬਹੁਤੇ ਬੱਚੇ ਆਪਣੇ ਸਕੂਲ ਜ਼ਿਲ੍ਹੇ ਦੇ ਕਿਸੇ ਸਕੂਲ ਵਿਚ ਜਾਂ ਆਪਣਿਆਂ ਮਾਪਿਆਂ ਵਲੋਂ ਚੁਣੇ ਇੰਡੀਪੈਂਡਿੰਟ ਸਕੂਲ ਵਿੱਚ ਚਲੇ ਜਾਣਗੇ।

ਸੋ ‘ਪੰਜ ਸਾਲਾਂ ਤੋਂ ਬਾਅਦ” ਦੀ ਉਮਰ ਵਿੱਚ ਕਿਹੜੀ ਚੀਜ਼ ਸਾਡੀ ਉਡੀਕ ਕਰ ਰਹੀ ਹੈ? ਬਹੁਤ ਵੱਡਾ ਅਣਜਾਣਿਆ ਸਮਾਂ! ਇਕ ਨਵਾਂ ਸਕੂਲ, ਨਵੇਂ ਅਧਿਆਪਕ, ਨਵੇਂ ਪੇਸ਼ਾਵਰ (ਪ੍ਰੋਫੈਸ਼ਨਲ), ਨਵੇਂ ਕਾਰਜਕਰਮ ਅਤੇ ਨਵੇਂ ਨਿਯਮ। ਭੈ-ਭੀਤ ਕਰਨ ਵਾਲਾ ਸਮਾਂ ਹੈ, ਹੈ ਨਾ? ਇਸ ਤਰ੍ਹਾਂ ਮਹਿਸੂਸ ਹੋ ਸਕਦਾ ਹੈ ਕਿ ਸਭ ਕੁਝ ਨਵੇਂ ਸਿਰਿਉਂ ਸ਼ੁਰੂ ਹੋਵੇਗਾ, ਇਸ ਨਵੇਂ ਸਕੂਲ ਪ੍ਰਬੰਧ ਨੂੰ ਜਾਣਨ ਦਾ ਸਫਰ। ਪਰ ਥੋੜ੍ਹੀ ਜਿਹੀ ਖੋਜ ਅਤੇ ਤਿਆਰੀ ਨਾਲ, ਮੁੱਖਧਾਰਾ ਵਿੱਚ ਜਾਣ ਦਾ ਇਹ ਕਦਮ ਬਹੁਤੀ ਦੇਰ ਲਈ ਏਨਾ ਜ਼ਿਆਦਾ ਅਜਨਬੀ ਜਾਂ ਭੈ ਭੀਤ ਕਰਨ ਵਾਲਾ ਨਹੀਂ ਜਾਪਣਾ ਚਾਹੀਦਾ।

ਇਸ ਵੱਡੇ ਕਦਮ ਦੇ ਇੰਤਜ਼ਾਰ ਵਿੱਚ, ਪਿਛਲੇ ਕੁਝ ਮਹੀਨਿਆਂ ਦੌਰਾਨ ਮੈਂ ਕਿੰਡਰਗਾਰਟਨ ਵਿੱਚ ਦਾਖਲੇ ਬਾਰੇ ਕਈ ਮੀਟਿੰਗਾਂ ਅਤੇ ਮਾਪਿਆਂ ਦੀਆਂ ਪੈਨਲਾਂ ਦੀਆਂ ਕਈ ਪੇਸ਼ਕਾਰੀਆਂ ਵਿੱਚ ਹਾਜ਼ਰ ਹੋਈ ਹਾਂ। ਇਨ੍ਹਾਂ ਤੋਂ ਮੈਂ ਕਈ ਵਿਚਾਰਾਂ ਬਾਰੇ ਜਾਣਿਆ ਹੈ ਜਿਹੜੇ ਤੁਹਾਡੇ ਬੱਚੇ ਲਈ “ਮੁੱਖ ਧਾਰਾ ਵਿੱਚ ਜਾਣ” ਦੇ ਇਸ ਕਦਮ ਨੂੰ ਸੌਖਾ ਬਣਾ ਸਕਦੇ ਹਨ। ਇਹ ਸੁਝਾਅ ਪੱਥਰ ’ਤੇ ਲੀਕ ਨਹੀਂ ਹਨ ਅਤੇ ਨਾ ਹੀ ਇਹਨਾਂ ਵਿੱਚ ਹਰ ਗੱਲ਼ ਸ਼ਾਮਲ ਹੈ। ਤੁਸੀਂ ਇਹ ਗੱਲ ਨੋਟ ਕਰੋਗੇ ਕਿ ਮੈਂ ਆ ਈ ਪੀ ਦੀਆਂ ਮੀਟਿੰਗਾਂ ਜਾਂ ਸਮੇਂ ਦੀ ਤਰਤੀਬ (ਟਾਈਮ ਲਾਈਨ) ਜਾਂ ਮੌਜੂਦ ਸੇਵਾਵਾਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਇਹਨਾਂ ਵਿੱਚ ਸ਼ਾਮਲ ਨਹੀਂ ਕੀਤੀ, ਕਿਉਂਕਿ ਇਹ ਤੁਹਾਡੇ ਬੱਚੇ ਦੇ ਸਕੂਲ ਅਤੇ ਲੋੜਾਂ ਅਨੁਸਾਰ ਵੱਖਰੀ ਵੱਖਰੀ ਹੋ ਸਕਦੀ ਹੈ। ਤੁਹਾਡਾ ਬੱਚਾ ਕਿੰਡਰਗਾਰਟਨ ਵਿੱਚ ਜਾਂ ਇਸ ਤੋਂ ਵੱਖਰੀ ਉਮਰ ਵਿੱਚ ਆਪਣੇ ਸੁਣਨ ਵਾਲੇ ਸਾਥੀਆਂ ਨਾਲ ਮਿਲ ਰਿਹਾ ਹੋਵੇ, ਉਮੀਦ ਹੈ ਕਿ ਅੱਗੇ ਦਿੱਤੀਆਂ ਚੀਜ਼ਾਂ ਤੁਹਾਡੇ ਬੱਚੇ ਲਈ ਹੋਣ ਵਾਲੀ ਇਸ ਤਬਦੀਲੀ ਨੂੰ ਕਾਮਯਾਬ ਢੰਗ ਨਾਲ ਕਰਨ ਵਿੱਚ ਤੁਹਾਡੀ ਮਦਦ ਕਰਨਗੀਆਂ।

ਐਨੀਆ ਰੋਸਿੰਕ
Anja Rosenke

This translation is made possible with the generous donation of the Gwyn Morgan & Patricia Trottier Foundation.
ਇਹ ਅਨੁਵਾਦ ਗਵਿਨ ਮੌਰਗਨ ਅਤੇ ਪੈਟਰੀਸ਼ੀਆ ਟਰੌਟਰ ਫਾਊਂਡੇਸ਼ਨ ਵਲੋਂ ਮਿਲੀ ਗਰਾਂਟ ਕਰਕੇ ਸੰਭਵ ਹੋ ਸਕਿਆ।

# ਇਕ ਵੱਡਾ ਕਦਮ

## ਐਨੀਆ ਰੋਸਿੰਕ

(2)

### ਸੁਝਾਅ #1 ਆਪਣੇ ਆਪ 'ਤੇ ਵਿਸ਼ਵਾਸ ਕਰੋ

ਤੁਸੀਂ ਆਪਣੇ ਬੱਚੇ ਨੂੰ ਸਭ ਨਾਲੋਂ ਚੰਗੀ ਤਰ੍ਹਾਂ ਜਾਣਦੇ ਹੋ! ਨਵੇਂ ਪੇਸ਼ਾਵਰ (ਪ੍ਰੋਫੈਸ਼ਨਲ ) ਲੋਕਾਂ ਅਤੇ ਅਧਿਆਪਕਾਂ ਨਾਲ ਮਿਲਦੇ ਸਮੇਂ ਇਸ ਗੱਲ ਨੂੰ ਸਦਾ ਆਪਣੇ ਮਨ ਵਿੱਚ ਰੱਖੋ। ਬੇਸ਼ੱਕ ਉਨ੍ਹਾਂ ਵਿੱਚੋਂ ਹਰ ਇਕ ਆਪਣੇ ਕੰਮ ਵਿੱਚ ਬਹੁਤ ਜ਼ਿਆਦਾ ਤਜਰਬਾ ਰੱਖਣ ਵਾਲਾ ਹੋਵੇਗਾ, ਪਰ ਉਸ ਨੇ ਤੁਹਾਡੇ ਬੱਚੇ ਨੂੰ ਮਸਾਂ ਜਾਣਨਾ ਹੀ ਸ਼ੁਰੂ ਕੀਤਾ ਹੋਵੇਗਾ। ਇਸ ਲਈ ਇਕ ਮਾਪੇ ਵਜੋਂ ਆਪਣੇ ਤਜਰਬੇ ਅਤੇ ਗਿਆਨ 'ਤੇ ਭਰੋਸਾ ਰੱਖੋ। ਤੁਹਾਡਾ ਯੋਗਦਾਨ ਮਹੱਤਵਪੂਰਨ ਹੈ ਅਤੇ ਤੁਹਾਡੇ ਬੱਚੇ ਦੀ ਇਸ ਨਵੇਂ ਵਾਤਾਵਰਨ ਵਿੱਚ ਹੋਣ ਜਾ ਰਹੀ ਕਾਮਯਾਬ ਤਬਦੀਲੀ ਲਈ ਬਹੁਤ ਹੀ ਜ਼ਰੂਰੀ ਹੋਵੇਗਾ।

### ਸੁਝਾਅ #2 ਆਪਣਾ ਹੋਮਵਰਕ ਕਰੋ

ਸਕੂਲ ਦੀ ਚੋਣ ਕਰਨ ਵਿੱਚ ਤੁਸੀਂ ਆਪਣੀ ਮਰਜ਼ੀ ਕਰ ਸਕਦੇ ਹੋ। ਸਕੂਲ ਵਿੱਚ ਤੁਹਾਡੇ ਬੱਚੇ ਲਈ ਕਿਸ ਤਰ੍ਹਾਂ ਦਾ ਵਾਤਾਵਰਨ ਹੋਣਾ ਚਾਹੀਦਾ ਹੈ, ਇਸ ਬਾਰੇ ਆਪਣੀਆਂ ਪਹਿਲੀਆਂ ਚੋਣਾਂ ਦੀ ਲਿਸਟ ਬਣਾਉ – ਆਪਣੇ ਬੱਚੇ ਦੇ ਸੰਬੰਧ ਵਿੱਚ ਤੁਹਾਡੇ ਕੀ ਟੀਚੇ ਹਨ? ਗੌਰ ਕਰਨ ਵਾਲੀਆਂ ਕੁਝ ਗੱਲਾਂ ਵਿੱਚ ਇਹ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ: ਸਕੂਲ ਦਾ ਥਾਂ, ਜਮਾਤਾਂ ਦਾ ਆਕਾਰ, ਤੁਹਾਡੇ ਬੱਚੇ ਲਈ ਸੰਚਾਰ ਦੀ ਪਹੁੰਚ (ਕਮਿਊਨੀਕੇਸ਼ਨ ਐਕਸੈੱਸ) ਬਾਰੇ ਸਕੂਲ ਦਾ ਨਜ਼ਰੀਆ ਅਤੇ ਸਮਾਜਕ ਜ਼ਿੰਮੇਵਾਰੀ ਅਤੇ ਧੱਕੇਸ਼ਾਹੀ (ਬੁਲਿੰਗ) ਬਾਰੇ ਸਕੂਲ ਦੀ ਪਹੁੰਚ। ਜੇ ਤੁਹਾਡੇ ਲਈ ਮੇਲ ਮਿਲਾਪ ਮਹੱਤਵਪੂਰਨ ਹੋਵੇ ਤਾਂ ਹੋ ਸਕਦਾ ਹੈ ਕਿ ਤੁਸੀਂ ਆਪਣੇ ਗਵਾਂਢ ਦਾ ਸਕੂਲ ਚੁਣਨਾ ਚਾਹੋ ਤਾਂ ਕਿ ਗਵਾਂਢ ਦੇ ਬੱਚਿਆਂ ਨਾਲ ਦੋਸਤੀ ਪਾਉਣੀ ਸੌਖੀ ਹੋਵੇ। ਆਪਣੀ ਪਸੰਦ ਦੇ ਵੱਖ ਵੱਖ ਸਕੂਲਾਂ ਬਾਰੇ ਆਨਲਾਈਨ ਜਾਂ ਦੂਜੇ ਮਾਪਿਆਂ ਤੋਂ ਪੁੱਛ-ਗਿੱਛ ਕਰਕੇ ਖੋਜ ਕਰੋ। ਬਹੁਗਿਣਤੀ ਪ੍ਰਿੰਸੀਪਲ ਤੁਹਾਡੇ ਵਲੋਂ ਕੀਤੇ ਫੋਨ ਅਤੇ ਆਪ ਜਾ ਕੇ ਪ੍ਰਿੰਸੀਪਲ ਨੂੰ ਮਿਲਣ ਦਾ ਸਵਾਗਤ ਕਰਨਗੇ ਅਤੇ ਸਕੂਲ ਦੇ ਵਾਤਾਵਰਨ ਬਾਰੇ ਸਵਾਲ ਪੁੱਛਣ ਅਤੇ ਦੇਖਣ ਦਾ ਇਹ ਇਕ ਵਧੀਆ ਮੌਕਾ ਹੋਵੇਗਾ।

### ਸੁਝਾਅ #3 ਆਪਣੇ ਬੱਚੇ ਨੂੰ ਤਿਆਰ ਕਰੋ

ਬਹੁਤੇ ਸਕੂਲ ਪੱਤਝੜ ਰੁੱਤ ਵਿੱਚ ਸਕੂਲ ਦਾਖਲ ਹੋਣ ਵਾਲੇ ਬੱਚਿਆਂ ਲਈ ਮਈ ਵਿੱਚ ਜਾਣਕਾਰੀ ਸਮਾਗਮ ਕਰਦੇ ਹਨ। ਪਰ ਜੇ ਤੁਹਾਡਾ ਬੱਚਾ ਵੱਡਾ ਹੋਵੇ ਤਾਂ ਮਈ ਜਾਂ ਜੂਨ ਵਿੱਚ ਸਕੂਲ ਦਾ ਟੂਰ ਲਾਉਣ ਵਾਸਤੇ ਬੇਨਤੀ ਕਰਨਾ ਫਾਇਦੇਮੰਦ ਹੋ ਸਕਦਾ ਹੈ। ਜ਼ਰੂਰੀ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਨਾਲ ਲਿਆਵੋ ਅਤੇ ਕੈਮਰੇ ਨੂੰ ਵੀ ਤਾਂ ਕਿ ਤੁਸੀਂ ਜਿੰਮ, ਲਾਇਬ੍ਰੇਰੀ, ਦਫਤਰ, ਅਤੇ ਜਮਾਤ ਦੇ ਕਮਰੇ ਦੀਆਂ ਫੋਟੋਆਂ ਖਿੱਚ ਸਕੋ। ਗਰਮੀਆਂ ਵਿੱਚ ਤੁਸੀਂ ਆਪਣੇ ਬੱਚੇ ਨਾਲ ਇਹਨਾਂ ਫੋਟੋਆਂ ਨੂੰ ਦੇਖ ਸਕਦੇ ਹੋ। ਬਹੁਤੀ ਵਾਰ ਸਕੂਲ ਦੀ ਟੀਮ ਤੁਹਾਨੂੰ ਸਕੂਲ ਬਾਰੇ ਇਕ ਛੋਟੀ ਜਿਹੀ ਕਿਤਾਬ ਦੇਵੇਗੀ ਜਿਸ ਵਿੱਚ ਪ੍ਰਿੰਸੀਪਲ, ਸੈਕਟਰੀਆਂ ਅਤੇ ਅਧਿਆਪਕਾਂ ਦੇ ਨਾਂ ਅਤੇ ਤਸਵੀਰਾਂ, ਰੋਜ਼ਾਨਾ ਨਿੱਤਨੇਮ ਬਾਰੇ ਵਿਸਥਾਰ ਅਤੇ ਖਾਸ ਸਮਾਗਮਾਂ ਬਾਰੇ ਜਾਣਕਾਰੀ ਹੋਵੇਗੀ। ਅਗਸਤ ਦੇ ਅਖੀਰ ਵਿੱਚ ਤੁਸੀਂ ਦੁਬਾਰਾ ਆਪਣੇ ਬੱਚੇ ਨਾਲ ਸਕੂਲ ਆ ਸਕਦੇ ਹੋ ਅਤੇ ਸਕੂਲ ਵਿੱਚ ਤੁਰ ਫਿਰ ਸਕਦੇ ਹੋ। ਤੁਹਾਨੂੰ ਇਸ ਸਮੇਂ ਬਹੁਤ ਸਾਰੇ ਅਧਿਆਪਕ ਜਮਾਤਾਂ ਵਿੱਚ ਸਕੂਲ ਸ਼ੁਰੂ ਹੋਣ ਦੀ ਤਿਆਰੀ ਕਰਦੇ ਮਿਲਣਗੇ। ਜੇ ਤੁਹਾਨੂੰ ਮੌਕਾ ਮਿਲੇ ਤਾਂ ਤੁਸੀਂ ਦੂਜੇ ਮਾਪਿਆਂ ਨਾਲ ਸੰਪਰਕ ਬਣਾਉਣ ਦਾ ਯਤਨ ਕਰ ਸਕਦੇ ਹੋ, ਜਿਨ੍ਹਾਂ ਮਾਪਿਆਂ ਦੇ ਬੱਚੇ ਵੀ ਤੁਹਾਡੇ ਬੱਚੇ ਨਾਲ ਪੱਤਝੜ ਰੁੱਤ ਸਮੇਂ ਸਕੂਲ ਵਿੱਚ ਦਾਖਲ ਹੋ ਰਹੇ ਹੋਣ। ਇਸ ਨਾਲ ਸਤੰਬਰ ਦੇ ਸ਼ੁਰੂ ਵਿੱਚ ਤੁਹਾਡੇ ਬੱਚੇ ਨੂੰ ਸਕੂਲ ਬਾਰੇ ਇਕ ਜਾਣੀ ਪਛਾਣੀ ਅਤੇ ਸੁਖਾਵੀਂ ਥਾਂ ਹੋਣ ਦਾ ਅਹਿਸਾਸ ਹੋਵੇਗਾ।

### ਸੁਝਾਅ #4 ਸਤੰਬਰ ਆ ਗਿਆ ਹੈ!

ਹੁਣ ਸਾਰੇ ਬੀ ਸੀ ਵਿੱਚ ਕਿੰਡਰਗਾਰਟਨ ਪੂਰੇ ਦਿਨ ਦਾ ਪ੍ਰੋਗਰਾਮ ਹੈ ਅਤੇ ਹੋ ਸਕਦਾ ਹੈ ਕਿ ਅੱਧੇ ਦਿਨ ਦੇ ਪ੍ਰੀ-ਸਕੂਲ ਪ੍ਰੋਗਰਾਮ ਤੋਂ ਪੂਰੇ ਹਫਤੇ ਲਈ ਪੂਰੇ ਦਿਨ ਦੇ ਪ੍ਰੋਗਰਾਮ ਵਿੱਚ ਤਬਦੀਲੀ ਤੁਹਾਡੇ ਬੱਚੇ ਨੂੰ ਅਡਜਸਟ ਹੋਣ ਲਈ ਵੱਡੀ ਗੱਲ ਲੱਗੇ। ਬਹੁਤ ਸਾਰੇ ਸਕੂਲਾਂ ਵਿੱਚ ਪੂਰੇ ਦਿਨ ਦੇ ਸਕੂਲ ਤੱਕ ਜਾਣ ਲਈ 1 ਜਾਂ ਦੋ ਹਫਤਿਆਂ ਵਿੱਚ ਹੌਲੀ ਹੌਲੀ ਦਾਖਲ ਹੋਣ ਦੇ ਅਤੇ ਹਰ ਰੋਜ਼ ਦੁਪਹਿਰੋਂ ਬਾਅਦ ਸ਼ਾਂਤ ਰਹਿਣ ਦੇ ਪ੍ਰੋਗਰਾਮ ਬਣਾਏ ਹੁੰਦੇ ਹਨ। ਇਸ ਦੇ ਨਾਲ ਹੀ ਤੁਸੀਂ ਆਪਣੇ ਬੱਚੇ ਲਈ ਜਮਾਤ ਵਿੱਚ ਹੌਲੀ ਹੌਲੀ ਦਾਖਲ ਹੋਣ ਦਾ ਪ੍ਰੋਗਰਾਮ ਬਣਾਉਣ ਵਿੱਚ ਹਿੱਸਾ ਪਾ ਸਕਦੇ ਹੋ। ਜੇ ਤੁਹਾਨੂੰ ਲੱਗੇ ਕਿ ਤੁਹਾਡੇ ਬੱਚੇ ਨੂੰ ਇਸ ਦੀ ਲੋੜ ਹੈ। ਦੂਜੇ ਮਾਪਿਆਂ ਨਾਲ ਗੱਲਬਾਤ ਕਰੋ ਅਤੇ ਆਪਣੇ ਬੱਚੇ ਦੀ ਜਮਾਤ ਦੇ ਬੱਚਿਆਂ ਨੂੰ ਆਪਣੇ ਘਰ ਖੇਡਣ ਆਉਣ ਦਾ ਸੱਦਾ ਦਿਉ। ਇੱਥੋਂ ਤੱਕ ਕਿ ਧੁੱਪ ਵਾਲੇ ਦਿਨਾਂ ਨੂੰ ਸਕੂਲ ਤੋਂ ਬਾਅਦ ਖੇਡ ਮੈਦਾਨ ਵਿੱਚ ਦੂਜੇ ਬੱਚਿਆਂ ਨਾਲ ਖੇਡਣ ਨਾਲ ਤੁਹਾਡੇ ਬੱਚੇ ਨੂੰ ਦੋਸਤੀਆਂ ਪਾਉਣ ਅਤੇ ਆਪਣੇ ਸਕੂਲ ਨਾਲ ਨਾਤਾ ਜੋੜਨ ਦੇ ਹੋਰ ਮੌਕੇ ਮਿਲ ਸਕਦੇ ਹਨ। ਭਾਵੇਂ ਕਿ ਕਿੰਡਰਗਾਰਟਨ ਕਾਫੀ ਰੁਝੇਵੇਂ ਵਾਲਾ ਸਾਲ ਹੁੰਦਾ ਹੈ ਅਤੇ ਇਸ ਵਿੱਚ ਬਹੁਤ ਸਾਰੀਆਂ ਗੱਲਾਂ ਪਹਿਲੀ ਵਾਰ ਹੁੰਦੀਆਂ ਹਨ, ਫਿਰ ਵੀ ਜੇ ਹੋ ਸਕਦਾ ਹੋਵੇ ਤਾਂ ਆਪਣੇ ਅਰਲੀ ਇੰਟਰਵੈਨਸ਼ਨ ਸੈਂਟਰ ਨਾਲ ਸੰਬੰਧਤ ਪਰਿਵਾਰਾਂ ਨਾਲ ਸੰਪਰਕ ਕਾਇਮ ਰੱਖੋ, ਕਿਉਂਕਿ ਇਹ ਦੋਸਤੀਆਂ ਤੁਹਾਡੇ ਬੱਚੇ ਲਈ ਸੁਖਾਲੀਆਂ, ਪੱਕੀਆਂ ਅਤੇ ਸੁਖਾਵੀਆਂ ਹੁੰਦੀਆਂ ਹਨ।

### ਸੁਝਾਅ #5 ਚੰਗੇ ਸੰਚਾਰ ਦੇ ਸੰਦ

ਅੱਜਕੱਲ੍ਹ ਜਮਾਤਾਂ ਦੇ ਬਹੁਤੇ ਕਮਰਿਆਂ ਵਿੱਚ ਕੰਪਿਊਟਰ ਅਤੇ ਹੋਰ ਚੀਜ਼ਾਂ ਲੱਗੀਆਂ ਹੋਈਆਂ ਹਨ ਅਤੇ ਅਧਿਆਪਕਾਂ ਨਾਲ ਉਨ੍ਹਾਂ ਦੇ ਆਈਫੋਨਾਂ ਜਾਂ ਆਈਪੈਡਾਂ ਰਾਹੀਂ ਈ ਮੇਲ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਈ ਅਧਿਆਪਕ ਅਜੇ ਵੀ ਚਿੱਠੀ ਪੱਤਰ ਲਿਖਣ ਦੇ ਰਵਾਇਤੀ ਢੰਗਾਂ ਨੂੰ ਪਸੰਦ ਕਰਦੇ ਹਨ, ਜਿਵੇਂ ਸੰਚਾਰ ਵਾਲੀ ਕਿਤਾਬ (ਕਮਿਊਨੀਕੇਸ਼ਨ ਬੁੱਕ) ਵਿੱਚ ਟਿੱਪਣੀਆਂ ਲਿਖਣਾ ਅਤੇ ਮਾਪਿਆਂ ਅਤੇ ਅਧਿਆਪਕਾਂ ਦੀ ਮੀਟਿੰਗ ਦੌਰਾਨ ਬੱਚੇ ਦੀ ਤਰੱਕੀ ਬਾਰੇ ਗੱਲਬਾਤ ਕਰਨਾ। ਤੁਸੀਂ ਆਪਣੇ ਬੱਚੇ ਦੇ ਅਧਿਆਪਕ ਨਾਲ ਆਹਮੋ ਸਾਹਮਣੇ ਬੈਠ ਕੇ ਕਿੰਨਾ ਚਿਰ ਲਈ ਗੱਲਬਾਤ ਕਰ ਸਕੋਗੇ, ਇਹ ਵੱਖ ਵੱਖ ਅਧਿਆਪਕਾਂ ਅਤੇ ਵੱਖ ਵੱਖ ਸਾਲਾਂ ਦੌਰਾਨ ਵੱਖਰਾ ਵੱਖਰਾ ਹੋਵੇਗਾ। ਸਚਾਈ ਇਹ ਹੈ ਕਿ ਆਮ ਤੌਰ 'ਤੇ ਅਧਿਆਪਕਾਂ ਕੋਲ ਦੁਪਹਿਰ ਦੇ ਤਿੰਨ ਵਜੇ ਗੱਲਬਾਤ ਕਰਨ ਦਾ ਬਹੁਤ ਥੋੜ੍ਹਾ ਸਮਾਂ ਹੁੰਦਾ ਹੈ ਅਤੇ ਮਾਪੇ ਕੰਮ ਕਰਦੇ ਹੁੰਦੇ ਹਨ ਅਤੇ ਉਹ ਹਰ ਰੋਜ਼ ਸਕੂਲ ਵਿੱਚ ਹਾਜ਼ਰ ਨਹੀਂ ਹੋ ਸਕਦੇ। ਘਰ/ਸਕੂਲ ਵਿਚਕਾਰ ਸੰਚਾਰ ਕਰਨ ਵਾਲੀ ਕਿਤਾਬ ਇਕ ਕੀਮਤੀ ਸੰਦ ਹੋ ਸਕਦੀ ਹੈ। ਇਸ ਵਿੱਚ ਕਲਾਸ ਟੀਚਰ, ਹੀਅਰਿੰਗ ਰੀਸੋਰਸ ਟੀਚਰ ਅਤੇ ਵਿਦਿਅਕ ਸਹਾਇਕ (ਐਜੂਕੇਸ਼ਨਲ ਅਸਿਸਟੈਂਟ) ਲਈ ਤੁਹਾਡੇ ਬੱਚੇ ਦੇ ਸਕੂਲ ਦੇ ਦਿਨ ਬਾਰੇ ਫੀਡਬੈਕ ਦੇਣ ਲਈ ਥਾਂ ਹੋਵੇਗੀ (ਜੇ ਤੁਹਾਡੇ ਬੱਚੇ ਲਈ ਕੋਈ ਵਿਦਿਅਕ ਸਹਾਇਕ

This translation is made possible with the generous donation of the Gwyn Morgan & Patricia Trottier Foundation.
ਇਹ ਅਨੁਵਾਦ ਗਵਿਨ ਮੌਰਗਨ ਅਤੇ ਪੈਟਰੀਸ਼ੀਆ ਟਰੌਟਰ ਫਾਊਂਡੇਸ਼ਨ ਵਲੋਂ ਮਿਲੀ ਗਰਾਂਟ ਕਰਕੇ ਸੰਭਵ ਹੋ ਸਕਿਆ।

# ਇਕ ਵੱਡਾ ਕਦਮ

## ਐਨੀਆ ਰੋਸਿੰਕ

(3)

ਨਿਸ਼ਚਿਤ ਕੀਤਾ ਗਿਆ ਹੋਵੇ ਤਾਂ)। ਤੁਹਾਡੇ ਲਈ ਟਿੱਪਣੀਆਂ ਕਰਨ ਜਾਂ ਸਵਾਲ ਪੁੱਛਣ ਲਈ ਵੀ ਥਾਂ ਹੋਵੇਗੀ। ਇਹ ਬਹੁਤ ਚੰਗਾ ਹੋਵੇਗਾ ਜੇ ਸੰਚਾਰ ਲਈ ਕਿਤਾਬ ਨੂੰ ਇਸ ਤਰ੍ਹਾਂ ਤਿਆਰ ਕੀਤਾ ਜਾਵੇ ਕਿ ਉਸ ਨਾਲ ਤੁਹਾਡਾ ਬੱਚਾ ਵੀ ਰੋਜ਼ਾਨਾ ਇੰਦਰਾਜ਼ਾਂ ਵਿੱਚ ਸ਼ਾਮਲ ਹੋ ਸਕੇ। ਉਦਾਹਰਨ ਲਈ ਰੋਜ਼ਾਨਾ ਸੰਚਾਰ ਲਈ ਕਿਤਾਬ ਵਿੱਚ ਪੇਪਰ ਤਸਵੀਰਾਂ ਦੇ ਰੂਪ ਵਿੱਚ ਹੋਣ ਅਤੇ ਬੱਚਾ ਉਨ੍ਹਾਂ ਸਰਗਰਮੀਆਂ ’ਤੇ ਨਿਸ਼ਾਨ ਲਾ ਸਕਦਾ ਹੋਵੇ ਜਿਹੜੀਆਂ ਉਸ ਨੇ ਉਸ ਦਿਨ ਕੀਤੀਆਂ ਹਨ ਅਤੇ ਇਹ ਨਿਸ਼ਾਨ ਲਾ ਸਕਦਾ ਹੋਵੇ ਕਿ ਕਿਹੜੀਆਂ ਸਰਗਰਮੀਆਂ ਉਸ ਨੂੰ ਬਹੁਤ ਚੰਗੀਆਂ ਲੱਗੀਆਂ ਸਨ ਅਤੇ ਕਿਹੜੀਆਂ ਘੱਟ ਚੰਗੀਆਂ ਅਤੇ ਨਾਲ ਹੀ ਆਪਣੇ ਸਾਰੇ ਦਿਨ ਬਾਰੇ ਦੱਸ ਸਕਦਾ ਹੋਵੇ (ਮੁਸਕਰਾਉਂਦਾ ਚਿਹਰਾ/ਭਾਵ ਹੀਣ ਚਿਹਰਾ/ਉਦਾਸ ਚਿਹਰਾ)। ਇਸ ਦੇ ਨਾਲ ਹੀ ਕਈ ਅਧਿਆਪਕ ਆਪਣੇ ਪਾਠਾਂ ਦੀ ਵਿਉਂਤ (ਲੈਸਨ ਪਲੈਨ), ਅਤੇ ਹਰ ਟਰਮ ਵਿੱਚ ਪੜ੍ਹਾਏ ਜਾਣ ਵਾਲੇ ਥੀਮਾਂ ਜਾਂ ਵਿਸ਼ਿਆਂ ਬਾਰੇ ਦੱਸਣ ਲਈ ਤਿਆਰ ਹੁੰਦੇ ਹਨ। ਇਸ ਕਿਸਮ ਦੀ ਜਾਣਕਾਰੀ ਘਰ ਵਿੱਚ ਵਿਸ਼ਿਆਂ ਬਾਰੇ ਗੱਲਬਾਤ ਕਰਨ, ਸੰਕਲਪਾਂ ’ਤੇ ਜ਼ੋਰ ਦੇਣ ਜਾਂ ਆਪਣੇ ਬੱਚੇ ਦੀ ਪੜ੍ਹਾਈ ਦਾ ਹਿਸਾਬ ਰੱਖਣ ਵਿੱਚ ਬਹੁਤ ਜ਼ਿਆਦਾ ਸਹਾਈ ਹੋ ਸਕਦੀ ਹੈ।

### ਸੁਝਾਅ #6 ਹਾਜ਼ਰ ਹੋਵੋ, ਸ਼ਾਮਲ ਹੋਵੋ

ਜੇ ਤੁਸੀਂ ਕਰ ਸਕਦੇ ਹੋਵੋ ਤਾਂ ਆਪਣੇ ਬੱਚੇ ਦੇ ਸਕੂਲ ਕਾਰਜਾਂ ਵਿੱਚ ਸ਼ਾਮਲ ਹੋਵੋ। ਅਜਿਹਾ ਕਰਨ ਦੇ ਬਹੁਤ ਸਾਰੇ ਮੌਕੇ ਆਉਣਗੇ। ਪੀ ਏ ਸੀ ਦੀਆਂ ਮੀਟਿੰਗਾਂ ਵਿੱਚ ਜਾਵੋ, ਕਲਾਸਰੂਮ ਵਿੱਚ ਵਾਲੰਟੀਅਰ ਬਣੋ, ਫੀਲਡ ਟ੍ਰਿੱਪਾਂ ਦੌਰਾਨ ਨਿਗਰਾਨ ਬਣੋ। ਇਹ ਕੰਧ ’ਤੇ ਮੱਖੀ ਬਣਨ ਵਾਂਗੂ ਹੈ। ਇਹ ਸਮਝ ਆਉਂਦਾ ਹੈ ਕਿ ਕੰਮ ਕਾਜੀ ਮਾਪਿਆਂ ਲਈ ਅਜਿਹਾ ਕਰਨਾ ਮੁਸ਼ਕਿਲ ਹੋਵੇਗਾ ਅਤੇ ਜੇ ਇਸ ਤਰ੍ਹਾਂ ਹਿੱਸਾ ਲੈਣਾ ਸੰਭਵ ਨਾ ਹੋਵੇ ਤਾਂ ਜਦੋਂ ਵੀ ਤੁਸੀਂ ਕਰ ਸਕੋ ਉਸ ਸਮੇਂ ਕਿਸੇ ਕਨਸਰਟ ਵਿੱਚ ਜਾਂ ਕਿਸੇ ਖਾਸ ਸਮਾਗਮ ਵਿੱਚ ਜ਼ਰੂਰ ਜਾਉ। ਇਸ ਤਰ੍ਹਾਂ ਸਕੂਲ ਦੇ ਪ੍ਰਬੰਧਕ ਸਕੂਲ ਨਾਲ ਤੁਹਾਡੀ ਪ੍ਰਤੀਬੱਧਤਾ ਅਤੇ ਦਿਲਚਸਪੀ ਨੂੰ ਦੇਖ ਸਕਣਗੇ ਅਤੇ ਤੁਹਾਡੇ ਲਈ ਸਕੂਲ ਦੇ ਸਭਿਆਚਾਰ, ਦੂਜੇ ਮਾਪਿਆਂ ਅਤੇ ਆਪਣੇ ਬੱਚੇ ਦੇ ਸਾਥੀਆਂ ਬਾਰੇ ਜਾਣਨਾ ਸੌਖਾ ਹੋ ਜਾਵੇਗਾ।

### ਸੁਝਾਅ #7 ਟੀਮ ਵਾਲੀ ਪਹੁੰਚ

ਮਾਪਿਆਂ ਵਜੋਂ, ਤੁਸੀਂ ਆਪਣੇ ਬੱਚੇ ਦੀ ਹਿਮਾਇਤ ਕਰਨ ਵਾਲੀ ਟੀਮ (ਸੁਪੋਰਟ ਟੀਮ) ਦੇ ਇਕ ਮੁੱਖ ਮੈਂਬਰ ਹੋ ਅਤੇ ਇਕ ਹਾਂ-ਪੱਖੀ ਅਤੇ ਸਹਿਯੋਗ ਵਾਲੀ ਪਹੁੰਚ ਅਪਨਾਉਣ ਨਾਲ ਤੁਹਾਡੇ ਬੱਚੇ ਦੀ ਸਕੂਲ ਦੀ ਜ਼ਿੰਦਗੀ ਦਾ ਹਿੱਸਾ ਹੋਣ ਵਾਲੇ ਵੱਖ ਵੱਖ ਅਧਿਆਪਕਾਂ ਅਤੇ ਪ੍ਰੋਫੈਸ਼ਨਲ ਲੋਕਾਂ ਨਾਲ ਚੰਗਾ ਰਿਸ਼ਤਾ ਬਣਾਉਣ ਦੀ ਨੀਂਹ ਬੱਝੇਗੀ। ਆਪਣੇ ਪ੍ਰੀ-ਸਕੂਲ/ਅਗੇਤੀ ਦਖਲਅੰਦਾਜ਼ੀ (ਅਰਲੀ ਇਨਟਰਵੈਨਸ਼ਨ) ਪ੍ਰੋਗਰਾਮ ਨਾਲ ਲਗਾਤਾਰ ਸੰਬਧ ਰੱਖਣ ਨਾਲ ਨਵੇਂ ਸਕੂਲ ਵਿੱਚ ਤਬਦੀਲੀ ਵਿੱਚ ਮਦਦ ਮਿਲੇਗੀ। ਤੁਹਾਡੀ ਅਗੇਤੀ ਦਖਲਅੰਦਾਜ਼ੀ ਵਾਲੀ ਟੀਮ ਇਕ ਕੀਮਤੀ ਸ੍ਰੋਤ ਹੈ, ਕਿਉਂਕਿ ਉਸ ਦੇ ਪੇਸ਼ਾਵਰ (ਪ੍ਰੋਫੈਸ਼ਨਲ) ਲੋਕ ਅਤੇ ਅਧਿਆਪਕ ਤੁਹਾਡੇ ਬੱਚੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਉਹ ਰਿਪੋਰਟਾਂ ਅਤੇ ਮੁਆਇਨਿਆਂ ਦੇ ਵੇਰਵੇ (ਅਸੈੱਸਮੈਂਟਸ) ਦੇ ਸਕਦੇ ਹਨ ਅਤੇ ਜੇ ਸੰਭਵ ਹੋਵੇ ਤਾਂ ਆਈ ਈ ਪੀ ਅਤੇ ਤਬਾਦਲੇ ਦੀਆਂ ਮੀਟਿੰਗਾਂ ਵਿੱਚ ਹਾਜ਼ਰ ਵੀ ਹੋ ਸਕਦੇ ਹਨ। ਬਹੁਤੀ ਵਾਰ ਨਵਾਂ ਸਕੂਲ ਤੁਹਾਡੇ ਬੱਚੇ ਦੇ ਪ੍ਰੀ-ਸਕੂਲ ਦੇ ਵਾਤਾਵਰਨ ਦਾ ਨਿਰੀਖਣ ਕਰਨ ਲਈ ਇਕ ਗੁਰੱਪ ਨੂੰ ਪ੍ਰੀ ਸਕੂਲ ਵਿੱਚ ਭੇਜੇਗਾ, ਪਰ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ। ਇਸ ਦੇ ਬਦਲ ਵਜੋਂ ਕੁਝ ਮਾਪਿਆਂ ਦਾ ਸੁਝਾਅ ਹੈ ਕਿ ਸਕੂਲ ਨਾਲ ਹੋਣ ਵਾਲੀ ਤਬਾਦਲੇ ਦੀ ਮੀਟਿੰਗ (ਆਮ ਤੌਰ ’ਤੇ ਇਹ ਮਈ ਜਾਂ ਜੂਨ ਵਿੱਚ ਹੁੰਦੀ ਹੈ) ਲਈ ਤੁਸੀਂ ਇਕ ਵੀਡੀਓ ਬਣਾ ਲਵੋ ਜੋ ਇਹ ਦਿਖਾਉਂਦੀ ਹੋਵੇ ਕਿ ਤੁਹਾਡੀ ਬੱਚਾ ‘ਕੀ ਕਰ ਸਕਦਾ ਹੈ’ ਅਤੇ ‘ਕੀ ਨਹੀਂ ਕਰ ਸਕਦਾ’। ਆਪਣੇ ਬੱਚੇ ਦੇ ਸੰਚਾਰ (ਕਮਿਊਨੀਕੇਸ਼ਨ) ਦੇ ਢੰਗ ਅਤੇ ਪੱਧਰ ਅਤੇ ਕਾਰਜ ਕਰਨ ਦੀ ਸੱਚੀ ਤਸਵੀਰ ਪੇਸ਼ ਕਰਨਾ ਮਹੱਤਵਪੂਰਨ ਹੈ। ਤੁਹਾਡੇ ਬੱਚੇ ਬਾਰੇ ਬਿਹਤਰ ਸਮਝ ਬਣਾਉਣ ਲਈ ਪ੍ਰਿੰਸੀਪਲ ਬਾਅਦ ਵਿੱਚ ਇਹ ਵੀਡੀਓ ਦੂਜੇ ਸਟਾਫ ਮੈਂਬਰਾਂ ਨਾਲ ਸਾਂਝੀ ਕਰ ਸਕਦਾ ਹੈ।

### ਸੁਝਾਅ #8 ਫਿਰ ਕੀ ਹੋਵੇਗਾ ਜੇ?

ਚੰਗੀ ਤਰ੍ਹਾਂ ਬਣਾਈਆਂ ਵਿਉਂਤਾਂ ਦੇ ਬਾਵਜੂਦ ਕਈ ਵਾਰ ਚੀਜ਼ਾਂ ਉਸ ਤਰ੍ਹਾਂ ਨਹੀਂ ਵਾਪਰਦੀਆਂ ਜਿਸ ਤਰ੍ਹਾਂ ਤੁਸੀਂ ਆਸ ਕੀਤੀ ਹੁੰਦੀ ਹੈ। ਜੇ ਕੋਈ ਮੁੱਦਾ ਖੜ੍ਹਾ ਹੋ ਜਾਵੇ ਤਾਂ ਤੁਹਾਨੂੰ ਇਹ ਸਕੂਲ ਨੂੰ ਦੱਸਣਾ ਪਵੇਗਾ, ਸਭ ਤੋਂ ਪਹਿਲਾਂ ਆਪਣੇ ਬੱਚੇ ਦੇ ਕਲਾਸਰੂਮ ਟੀਚਰ ਨਾਲ ਗੱਲ ਕਰਕੇ। ਕਈ ਮਾਪਿਆਂ ਨੂੰ ਆਪਣੇ ਬੱਚੇ ਦੇ “ਵਕੀਲ” ਦਾ ਰੋਲ ਕਰਨਾ ਨਵਾਂ ਲੱਗ ਸਕਦਾ ਹੈ ਅਤੇ ਉਨ੍ਹਾਂ ਨੂੰ ਇਹ ਔਖਾ ਲੱਗ ਸਕਦਾ ਹੈ, ਪਰ ਇਹ ਯਾਦ ਰੱਖੋ ਕਿ ਤੁਸੀਂ ਆਪਣੇ ਬੱਚੇ ਦੇ ਪ੍ਰਤੀਨਿਧ ਹੋ ਅਤੇ ਸਿਰਫ ਉਸ ਦੀ ਭਲਾਈ ਲਈ ਗੱਲ ਕਰ ਰਹੇ ਹੋ। ਉਮੀਦ ਹੈ ਕਿ ਗੱਲਬਾਤ ਕਰਨ ਦੇ ਇਕ ਵਧੀਆ ਪ੍ਰਬੰਧ ਦੀ ਹੋਂਦ ਅਤੇ ਆਪਣੇ ਬੱਚੇ ਦੀ ਸਕੂਲ ਦੀ ਟੀਮ ਨਾਲ ਕੰਮ ਕਰਨ ਦਾ ਇਕ ਚੰਗਾ ਰਿਸ਼ਤਾ ਬਣਨ ਕਰਕੇ ਕਿਸੇ ਵੀ ਤਰ੍ਹਾਂ ਦੇ ਵੀ ਮਸਲੇ ਦਾ ਹੱਲ ਹੋ ਸਕੇਗਾ। ਹਮੇਸ਼ਾਂ ਹੀ ਭਵਿੱਖ ਵਿੱਚ ਤਬਦੀਲੀ ਕਰਨ ਦਾ ਮੌਕਾ ਹੁੰਦਾ ਹੈ ਅਤੇ ਤੁਸੀਂ ਉਹ ਚੀਜ਼ ਬਦਲ ਸਕਦੇ ਹੋ ਜਿਹੜੀ ਕੰਮ ਨਾ ਕਰ ਰਹੀ ਹੋਵੇ। ਸਲਾਹ ਮਸ਼ਵਰਾ ਲੈਣ ਲਈ ਤੁਸੀਂ ਹਮੇਸ਼ਾਂ ਹੀ ਆਪਣੇ ਸਾਥੀ ਮਾਪਿਆਂ, ਅਗੇਤੀ ਦਖਲਅੰਦਾਜ਼ੀ ਕਰਨ ਵਾਲਿਆਂ ਅਤੇ ਬੀ ਸੀ ਹੈਂਡਜ਼ ਐਂਡ ਵੁਆਇਸਜ਼, ਸੀ ਐੱਚ ਐੱਚ ਏ ਪੇਰੈਂਟਸ ਬ੍ਰਾਂਚ ਅਤੇ ਫੈਮਲੀ ਨੈੱਟਵਰਕ ਫਾਰ ਡੈਫ ਚਿਲਡਰਨ (ਐੱਫ ਐੱਨ ਡੀ ਸੀ) ਵਰਗੀਆਂ ਮਾਪਿਆਂ ਵਲੋਂ ਚਲਾਈਆਂ ਜਾਂਦੀਆਂ ਸੰਸਥਾਵਾਂ ਨਾਲ ਸੰਪਰਕ ਕਰ ਸਕਦੇ ਹੋ।

ਇਸ ਤਰ੍ਹਾਂ ਜਦੋਂ ਪ੍ਰੀ-ਸਕੂਲ ਵਿੱਚ ਮੇਰੇ ਬੱਚੇ ਦੇ ਅਖੀਰਲੇ ਸਾਲ ਦੀ ਆਖਰੀ ਟਰਮ ਸ਼ੁਰੂ ਹੋ ਰਹੀ ਹੈ, ਇਕ ਤਰ੍ਹਾਂ ਨਾਲ ਮੈਂ ਉਸ ਵਿਦਿਆਰਥੀ ਵਾਂਗ ਮਹਿਸੂਸ ਕਰ ਰਹੀ ਹਾਂ ਜਿਹੜਾ ਨਵੇਂ ਸਕੂਲ ਵਿੱਚ ਜਾ ਰਿਹਾ ਹੋਵੇ!! ਹਾਂ ਇਹ ਸੱਚ ਹੈ ਕਿ ਸਿੱਖਣ ਦਾ ਵੱਡਾ ਕਾਰਜ ਸ਼ੁਰੂ ਹੋਣ ਨਾਲ ਇਹ ਇਕ ਭੈ-ਭੀਤ ਕਰਨ ਵਾਲਾ ਸਮਾਂ ਹੈ, ਪਰ ਇਹ ਚਾਅ ਅਤੇ ਮੌਕਿਆਂ ਭਰਪੂਰ ਸਮਾਂ ਵੀ ਹੈ। ਪਰ ਮੈਨੂੰ ਉਨ੍ਹਾਂ ਸਾਰੀਆਂ ਚੀਜ਼ਾਂ ਬਾਰੇ ਸੋਚ ਕੇ ਸ਼ਕਤੀ ਮਿਲਦੀ ਹੈ ਜਿਹੜੀਆਂ ਮੈਂ ਪਿਛਲੇ ਕੁਝ ਸਾਲਾਂ ਦੌਰਾਨ ਸਿੱਖੀਆਂ ਸਨ। ਜਦੋਂ ਅਸੀਂ ਆਪਣੇ ਬੱਚਿਆਂ ਦੀ ਪੜ੍ਹਾਈ ਦੀ ਅਗਲੇ ਪੜਾਅ ਲਈ ਤਿਆਰੀ ਕਰ ਰਹੇ ਹਾਂ, ਉਦੋਂ ਸਾਡੇ ਵਰਗੇ ਮਾਪਿਆਂ ਲਈ ਬਹੁਤ ਸਾਰੇ ਵਸੀਲੇ ਉਪਲਭਧ ਹਨ। ਇਸ ਲਈ ਦੂਜਿਆਂ ਨਾਲ ਜੁੜੋ ਅਤੇ ਜੋਸ਼ ਵਿੱਚ ਆਵੋ। ਭਵਿੱਖ ਉਡੀਕ ਰਿਹਾ ਹੈ!

This translation is made possible with the generous donation of the Gwyn Morgan & Patricia Trottier Foundation.
ਇਹ ਅਨੁਵਾਦ ਗਵਿਨ ਮੌਰਗਨ ਅਤੇ ਪੈਟਰੀਸ਼ੀਆ ਟਰੌਟਰ ਫਾਊਂਡੇਸ਼ਨ ਵਲੋਂ ਮਿਲੀ ਗਰਾਂਟ ਕਰਕੇ ਸੰਭਵ ਹੋ ਸਕਿਆ।